ਦਫਤਰ: ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ
ਈ-ਬਲਾਕ, ਪੰਜਵੀਂ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਕੰਪਲੈਕਸ, ਫੇਜ਼-8 ਐਸ.ਏ.ਐਸ ਨਗਰ
(ਵਜੀਫਾ ਸ਼ਾਖਾ)

ਵੱਲ

ਸਮੂਹ ਜਿਲਾ ਸਿੱਖਿਆ ਅਫਸਰ(ਸੈ.ਸਿ),
ਪੰਜਾਬ ਰਾਜ।

ਮੀਮੋ ਨੰ: 9/7-2015 ਵਜੀਫਾ(5)
ਮਿਤੀ:-03-07-2018

ਵਿਸ਼ਾ:- ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੇ ਪੰਜੀਕ੍ਰਿਤ ਉਸਾਰੀ ਲਾਭਪਾਤਰੀਆਂ ਦੇ ਬੱਚਿਆਂ ਨੂੰ ਪੜ੍ਹਾਈ ਦੌਰਾਨ ਵਜੀਫਾ ਦੇਣ ਦੀ ਸਕੀਮ।

ਉਕਤ ਵਿਸ਼ੇ ਸਬੰਧੀ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਦੇ ਰਜਿਸਟਰਡ ਉਸਾਰੀ ਲਾਭਪਾਤਰੀਆਂ ਦੇ ਬੱਚਿਆਂ ਨੂੰ ਪੜ੍ਹਾਈ ਦੌਰਾਨ ਵਜੀਫਾ ਦੇਣ ਦੀ ਸਕੀਮ ਸਬੰਧਤ ਬੋਰਡ ਵੱਲੋਂ ਪਿਛਲੇ ਸਾਲਾਂ ਦੌਰਾਨ ਸ਼ੁਰੂ ਕੀਤੀ ਗਈ ਹੈ।ਇਸ ਲਈ ਆਪਣੇ ਅਧੀਨ ਆਉਂਦੇ ਸਕੂਲ ਮੁਖੀਆਂ/ਪ੍ਰਿੰਸੀਪਲਾਂ ਨੂੰ ਹਦਾਇਤ ਕੀਤੀ ਜਾਵੇ ਕਿ ਇਸ ਸਬੰਧੀ ਆਪਣੇ ਅਧੀਨ ਆਉਂਦੇ ਸਕੂਲ ਦੇ ਯੋਗ ਬੱਚਿਆਂ ਨੂੰ ਇਸ ਸਕੀਮ ਤੋਂ ਜਾਣੂ ਕਰਵਾਇਆ ਜਾਵੇ ਅਤੇ ਬੱਚਿਆਂ ਤੋਂ ਨਾਲ ਨੱਥੀ ਫਾਰਮ ਭਰਵਾ ਕੇ ਇਸ ਵਜੀਫਾ ਸਕੀਮ ਦਾ ਲਾਭ ਦਿਵਾਇਆ ਜਾਵੇ।

ਕਿਉਂਜੋ ਸਕੀਮ ਦੀਆਂ ਹਦਾਇਤਾਂ ਅਨੁਸਾਰ ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵੱਲੋਂ ਸਪਸ਼ਟ ਕੀਤਾ ਗਿਆ ਹੈ ਕਿ "ਜੇਕਰ ਲਾਭਪਾਤਰੀ ਦੇ ਬੱਚਿਆਂ ਨੂੰ ਵਜੀਫਾ ਸਕੀਮ ਅਧੀਨ ਕਿਸੇ ਹੋਰ ਸੰਸਥਾ/ਵਿਭਾਗ ਤੋਂ ਲਾਭ ਮਿਲ ਰਿਹਾ ਹੈ ਤਾਂ ਵੀ ਉਸ ਨੂੰ ਬੋਰਡ ਵੱਲੋਂ ਇਸ ਸਕੀਮ ਦਾ ਪੂਰਾ ਲਾਭ ਦਿੱਤਾ ਜਾਵੇਗਾ।"ਇਸ ਲਈ ਆਪ ਵੱਲੋਂ ਬੋਰਡ ਦੇ ਲਾਭਪਾਤਰੀ ਦੇ ਬੱਚਿਆਂ ਦੇ ਵਜੀਫਿਆਂ ਸਬੰਧੀ ਦਰਖਾਸਤ ਫਾਰਮ ਵਿੱਚ ਦਿੱਤੇ ਸਰਟੀਫਿਕੇਟ ਤੇ ਹਸਤਾਖਰ ਕਰਨ ਵਿੱਚ ਦੇਰੀ ਜਾਂ ਗੁਰੇਜ਼ ਨਾ ਕਰਨ ਅਤੇ ਉਹ ਬੋਰਡ ਦੀ ਇਸ ਸਕੀਮ ਦਾ ਪੂਰਾ ਪੂਰਾ ਲਾਭ ਉਠਾ ਸਕਣ।

ਨੱਥੀ : ਉਪਰੋਕਤ

03/07/18
ਵਿਸ਼ੇਸ਼ ਕਾਰਜ ਅਫਸਰ(ਵਜੀਫਾ)

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸ.ਸਿ) ਮਾਨਸਾ
ਪਿਠ ਅੰਕਣ ਨੰ: ਭ-4/1/2018 4517 ਮਿਤੀ 11-7-18

ਸਮੂਹ ਸਕੂਲ ਮੁਖੀਆਂ ਨੂੰ ਭੇਜ ਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਮੁਤਾਬਿਕ ਕਾਰਵਾਈ ਕਰਦੇ ਹੋਏ, ਬਣਦੀ ਲੋੜੀਂਦੀ ਕਾਰਵਾਈ ਕੀਤੀ ਜਾਵੇ।

ਨੱਥੀ - ਉਪਰੋਕਤ

ਜ਼ਿਲ੍ਹਾ ਸਿੱਖਿਆ ਅਫਸਰ (ਸ)
ਮਾਨਸਾ

Scanned by CamScanner

ਪੰਜਾਬ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵਰਕਰਜ਼ ਵੈਲਫੇਅਰ ਬੋਰਡ
17 ਬੇਜ਼ ਬਿਲਡਿੰਗ, ਸੈਕਟਰ 17-ਡੀ, ਚੰਡੀਗੜ੍ਹ
(0172-2540125)

ਮਿਤੀ 18.2.2014

ਭਲਾਈ ਸਕੀਮ — ਬੋਰਡ ਦੇ ਪੰਜੀਕ੍ਰਿਤ ਉਸਾਰੀ ਕਿਰਤੀਆਂ ਦੇ ਬੱਚਿਆ ਲਈ ਵਜੀਫਾ ਸਕੀਮ ਅਤੇ ਵਜੀਫੇ ਦੇ ਨਾਲ ਯੂਨੀਫਾਰਮ ਅਲਾਂਉਸ/ਐਜੂਕੇਸ਼ਨ ਅਲਾਉਂਸ (ਕਿਤਾਬਾਂ ਅਤੇ ਸਟੇਸ਼ਨਰੀ ਅਲਾਉਂਸ) ਦੇਣ ਬਾਰੇ ਸਕੀਮ। ਤੋ ਸੋਧੀ ਸਕੀਮ

| ਲੜੀ ਨੰ | ਕਲਾਸ | ਵਜੀਫੇ ਦੀ ਦਰ | ਵਰਦੀ/ਸਿਖਿਆ ਭੱਤਾ (ਕਿਤਾਬਾਂ ਅਤੇ ਸਟੇਸ਼ਨਰੀ ਭੱਤਾ) | |
|---|---|---|---|---|
| 1. | ਪਹਿਲੀ ਕਲਾਸ ਤੋਂ ਪੰਜਵੀ ਕਲਾਸ ਤੱਕ | 2,000/- ਪ੍ਰਤੀ ਸਾਲ | 800/- ਰੁਪਏ ਪ੍ਰਤੀ ਸਾਲ | ਵਰਦੀ ਭੱਤਾ |
| 2. | ਛੇਵੀਂ ਕਲਾਸ ਤੋਂ ਅਠਵੀ ਕਲਾਸ ਲਈ | 3,000/- ਪ੍ਰਤੀ ਸਾਲ | 1000/- ਰੁਪਏ ਪ੍ਰਤੀ ਸਾਲ | ਵਰਦੀ ਭੱਤਾ |
| 3. | 9ਵੀਂ, 10ਵੀਂ, +1ਅਤੇ +2 | 5,000/- ਪ੍ਰਤੀ ਸਾਲ | 1000/- ਰੁਪਏ ਪ੍ਰਤੀ ਸਾਲ | ਵਰਦੀ ਭੱਤਾ |
| 4. | ਕਾਲਜ ਵਿਦਿਆਰਥੀ (ਹਰ ਤਰਾਂ ਦੇ ਗਰੈਜੁਏਸ਼ਨ/ਪੋਸਟ ਗਰੈਜੁਏਸ਼ਨ) | 15,000/- ਪ੍ਰਤੀ ਸਾਲ (ਜੇਕਰ ਵਿਦਿਆਰਥੀ ਹੋਸਟਲ ਵਿੱਚ ਰਹਿੰਦਾ ਹੈ ਤਾਂ ਕੁੱਲ 30,000/- ਪ੍ਰਤੀ ਸਾਲ) | 4000/- ਰੁਪਏ ਪ੍ਰਤੀ ਸਾਲ | ਕਿਤਾਬਾਂ ਅਤੇ ਸਟੇਸ਼ਨਰੀ ਲਈ ਭੱਤਾ |
| 5. | ਆਈ.ਟੀ.ਆਈ/ਪਾਲੀਟੈਕਨੀਕ ਵਿਚ ਤਕਨੀਕੀ ਅਤੇ ਹੋਰ ਪੇਸ਼ਾਵਰ ਪੜਾਈ ਏ.ਐਨ.ਐਮ/ਜੀ.ਐਨ.ਐਮ ਕੋਰਸ | | | |
| 6. | ਮੈਡਿਕਲ/ਇੰਜੀਨੀਅਰਿੰਗ ਹਰ ਤਰਾਂ ਦੀ ਮੈਡਿਕਲ/ਇੰਜੀਨੀਅਰਿੰਗ ਡਿਗਰੀ ਪੜਾਈ | 30,000/- ਪ੍ਰਤੀ ਸਾਲ (ਜੇਕਰ ਵਿਦਿਆਰਥੀ ਹੋਸਟਲ ਵਿੱਚ ਰਹਿੰਦਾ ਹੈ ਤਾਂ ਕੁੱਲ 50,000/- ਪ੍ਰਤੀ ਸਾਲ) | 8,000/- ਰੁਪਏ ਪ੍ਰਤੀ ਸਾਲ | ਕਿਤਾਬਾਂ ਅਤੇ ਸਟੇਸ਼ਨਰੀ ਲਈ ਭੱਤਾ |

ਵਜੀਫਾ ਸਕੀਮ ਦੀਆਂ ਸ਼ਰਤਾਂ:-

1. ਪੰਜੀਕ੍ਰਿਤ ਲਾਭਪਾਤਰੀ ਦੇ ਬੱਚਿਆਂ ਨੂੰ ਹੀ ਵਜੀਫਾ, ਵਰਦੀ ਅਤੇ ਸਿਖਿਆ ਭੱਤਾ ਸਕੀਮ ਦਾ ਲਾਭ ਦਿੱਤਾ ਜਾਵੇਗਾ।
2. ਲਾਭਪਾਤਰੀ ਨੂੰ ਖ਼ੁਦ ਵੀ ਪ੍ਰਵਾਨਤ ਸੰਸਥਾ/ਯੂਨੀਵਰਸਿਟੀ ਵਿੱਚ ਸ਼ਾਮ ਦੀ ਕਲਾਸਾਂ ਵਿੱਚ ਪੜਨ ਲਈ ਵਜੀਫਾ, ਵਰਦੀ ਅਤੇ ਸਿਖਿਆ ਭੱਤਾ ਦਿੱਤਾ ਜਾਵੇਗਾ।
3. ਪਿਛਲੀ ਕਾਲਸ ਵਿੱਚ ਫੇਲ ਹੋਏ ਕੇਸਾਂ ਵਿੱਚ ਵਜੀਫੇ, ਵਰਦੀ ਅਤੇ ਸਿਖਿਆ ਭੱਤਾ ਮਨਜ਼ੂਰ ਨਹੀਂ ਕੀਤੇ ਜਾਣਗੇ।।
4. ਜੇਕਰ ਲਾਭਪਾਤਰੀ ਨੂੰ ਕਿਸੇ ਅਜਿਹੀ ਸਕੀਮ ਅਧੀਨ ਕਿਸੇ ਹੋਰ ਮਹਿਕਮੇ/ਸੰਸਥਾ ਤੋਂ ਲਾਭ ਮਿਲ ਰਿਹਾ ਹੋਵੇ ਤਾਂ ਵੀ ਉਸਨੂੰ ਬੋਰਡ ਵਲੋਂ ਇਸ ਸਕੀਮ ਦਾ ਪੂਰਾ ਲਾਭ ਦਿਤਾ ਜਾਵੇਗਾ।

Scanned by CamScanner

## ਫਾਰਮ ਨੰ: 34 (ਰੂਲ 265 ਵੇਖੋ)

ਪੰਜਾਬ ਬਿਲਡਿੰਗ ਐਂਡ ਅਦਰ ਕੰਸਟਰਕਸ਼ਨ ਵਰਕਰਜ਼ ਵੈਲਫੇਅਰ ਬੋਰਡ ਵਲੋਂ ਉਸਾਰੀ ਕਿਰਤੀਆਂ ਦੇ ਬੱਚਿਆਂ ਨੂੰ ਵਜੀਫੇ ਦੇਣ ਸਬੰਧੀ ਫਾਰਮ।
(ਕਿਸੇ ਹੋਰ ਸੰਸਥਾ ਤੋਂ ਅਜਿਹਾ ਲਾਭ ਮਿਲਣ ਦੇ ਬਾਵਜੂਦ ਬੋਰਡ ਦੀ ਇਸ ਸਕੀਮ ਅਧੀਨ ਪੂਰਾ ਲਾਭ ਮਿਲਿਆ।)

ਵਿਦਿਆਰਥੀ ਦੀ ਤਸਦੀਕ ਸ਼ੁਦਾ ਫੋਟੋ

ਲਾਭਪਾਤਰੀ ਦੀ ਤਸਦੀਕ ਸ਼ੁਦਾ ਫੋਟੋ

1. ਵਿਦਿਆਰਥੀ ਦਾ ਨਾਂ ______
2. ਪਿਤਾ ਦਾ ਨਾ ਅਤੇ ਪਤਾ(ਅੰਗ੍ਰੇਜੀ/ ਪੰਜਾਬੀ ਮੋਟੇ ਅੱਖਰਾਂ ਵਿਚ) ______
3. ਲਾਭਪਾਤਰੀ ਦੇ ਪਿਤਾ ਦਾ ਨਾਂ ______
4. ਰਜਿਸਟ੍ਰੇਸ਼ਨ ਨੰ: ______
5. ਉਸਾਰੀ ਕੰਮਾਂ ਨਾਲ ਸਬੰਧਤ ਪੇਸ਼ਾ : ______
6. ਟੈਲੀਫੋਨ/ ਮੋਬਾਇਲ ਨੰਬਰ ______
7. ਅਧਾਰ ਕਾਰਡ ਨੰ: ______
8. ਅੰਸ਼ਦਾਨ ਦੀ ਰਾਸ਼ੀ ਕਿਸ ਮਿਤੀ ਤਕ ਜਮ੍ਹਾਂ ਹੈ ______
9. ਵਿਦਿਆਰਥੀ ਵਲੋਂ ਪਿਛਲੇ ਸਾਲ ਪਾਸ ਕੀਤੀ ਪ੍ਰੀਖਿਆ (ਸਰਟੀਫਿਕੇਟ ਦੀ ਤਸਦੀਕ ਸ਼ੁਦਾ ਕਾਪੀ ਨਾਲ ਲਾਓ) ______
10. ਕਲਾਸ ਜਾਂ ਤਕਨੀਕੀ ਕੋਰਸ/ਡਿਗਰੀ ਜਿਸ ਵਿੱਚ ਦਾਖਲਾ ਲਿਆ ਹੈ ਅਤੇ ਦਾਖਲ ਹੋਣ ਦੀ ਮਿਤੀ ______
11. ਵਿਦਿਅਕ ਅਦਾਰੇ ਦਾ ਨਾਂ ਅਤੇ ਪਤਾ ______
12. ਸਾਈਕਲ ਸਕੀਮ: -
    ੳ.) ਜੇਕਰ ਵਿਦਿਆਰਥੀ ਪੰਜਾਬ ਵਿਚ 9ਵੀਂ ਤੋਂ 12ਵੀਂ ਜਮਾਤ ਵਿੱਚ ਪੜ੍ਹਦਾ ਹੈ ਤਾਂ ਕੀ ਉਸਨੇ ਇਨ੍ਹਾਂ ਜਮਾਤਾ ਦੌਰਾਨ ਬੋਰਡ ਪਾਸੋਂ ਸਾਈਕਲ ਸਕੀਮ ਅਧੀਨ ਪਹਿਲਾਂ ਸਾਈਕਲ ਪ੍ਰਾਪਤ ਕੀਤਾ ਹੈ ਜਾਂ ਨਹੀਂ? ______
    ਅ.) ਜੇਕਰ ਇਨ੍ਹਾਂ ਜਮਾਤਾਂ ਦੌਰਾਨ ਪਹਿਲਾਂ ਸਾਈਕਲ ਨਹੀਂ ਲਿਆ ਹੈ ਤਾਂ ਕੀ ਹੁਣ ਸਾਈਕਲ ਲੈਣ ਦਾ ਇੱਛੁਕ ਹੈ? ______
13. ਹੋਸਟਲ ਵਿਚ ਰਹਿਣ ਵਾਲੇ ਵਿਦਿਆਰਥੀ ਬਾਰੇ ਹੇਠ ਲਿਖੀ ਸੂਚਨਾ ਦਿਤੀ ਜਾਵੇ

| ਲੜੀ ਨੰ: | ਵਿਦਿਆਰਥੀ ਦਾ ਨਾਂ | ਵਿਦਿਅਕ ਅਦਾਰੇ ਦਾ ਨਾਂ | ਹੋਸਟਲ ਵਿਚ ਦਾਖਲ ਹੋਣ ਦੀ ਮਿਤੀ | ਹੋਸਟਲ ਛੱਡਣ ਦੀ ਮਿਤੀ | ਹੋਸਟਲ ਦੀ ਫੀਸ ਪ੍ਰਤੀ ਮਹੀਨਾ | ਸਾਲ ਦੌਰਾਨ ਦਿਤੀ ਗਈ ਕੁੱਲ ਫੀਸ |
|---|---|---|---|---|---|---|
| | | | | | | |

14. ਲਾਭਪਾਤਰੀ ਦੇ ਬੈਂਕ ਖਾਤੇ ਸਬੰਧੀ ਸੂਚਨਾ

| ਲੜੀ ਨੰ: | ਬੈਂਕ/ ਬਰਾਂਚ ਦਾ ਨਾਂ ਅਤੇ ਪਤਾ | ਲਾਭਪਾਤਰੀ ਦਾ ਖਾਤਾ ਨੰਬਰ | ਐਨ.ਈ.ਐਫ.ਟੀ ਨੰਬਰ |
|---|---|---|---|
| | | | |

ਮੈਂ ਘੋਸ਼ਣਾ ਕਰਦਾ/ਕਰਦੀ ਹਾਂ ਕਿ ਮੈਂ ਪਿਛਲੀ ਸਲਾਨਾ ਪ੍ਰੀਖਿਆ ਵਿੱਚੋਂ ਫੇਲ ਨਹੀਂ ਹੋਇਆ/ਹੋਈ ਅਤੇ ਉਪਰ ਦਿੱਤੇ ਗਏ ਵੇਰਵੇ ਠੀਕ ਹਨ।

ਵਿਦਿਆਰਥੀ ਦੇ ਹਸਤਾਖਰ

ਤਸਦੀਕ ਕੀਤਾ ਜਾਂਦਾ ਹੈ ਕਿ ਮੇਰਾ ਲੜਕਾ/ਲੜਕੀ ਜਿਸਦਾ ਵੇਰਵਾ ਉਪਰ ਦਿਤਾ ਹੈ ਉਹ ______ ਸਕੂਲ/ ਕਾਲਜ ਵਿਚ ______ ਕਲਾਸ ਵਿਚ ਪੜ੍ਹਦਾ ਹੈ।

ਲਾਭਪਾਤਰੀ ਦੇ ਹਸਤਾਖਰ

### ਵਿੱਦਿਅਕ ਸੰਸਥਾ ਵਲੋਂ ਸਰਟੀਫਿਕੇਟ (ਦਰਖਾਸਤ ਫਾਰਮ ਦੇ ਕਾਲਮ ਨੰ: 9 ਤੋਂ 11 ਅਤੇ 13 ਅਨੁਸਾਰ)

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਮਿਸ/ਸ਼੍ਰੀ/ ਸ਼੍ਰੀਮਤੀ______ ਪੁੱਤਰ/ਪੁੱਤਰੀ ਸ਼੍ਰੀ/ਸ਼੍ਰੀਮਤੀ ______ ਇਸ ਸਕੂਲ/ਕਾਲਜ/ਸੰਸਥਾ ਦਾ ਵਿਦਿਆਰਥੀ ਹੈ ਅਤੇ ਵਿਦਿਅਕ ਸਾਲ ______ ਦੌਰਾਨ______ ਕਲਾਸ ਵਿੱਚ ਪੜ ਰਿਹਾ ਹੈ ਅਤੇ ਉਹ ਪਿਛਲੀ ਕਲਾਸ ਵਿਚ ਫੇਲ ਨਹੀਂ ਹੋਇਆ ਸੀ। ਉਸ ਵਲੋਂ ਪਿਛਲੀ ਪ੍ਰੀਖਿਆ/ਕਲਾਸ______ ਮਹੀਨਾ ______ ਸਾਲ ਵਿੱਚ ਪਾਸ ਕੀਤੀ ਗਈ ਹੈ।

ਇਹ ਵੀ ਤਸਦੀਕ ਕੀਤਾ ਜਾਂਦਾ ਹੈ ਕਿ ਮਿਸ/ਸ਼੍ਰੀ/ਸ਼੍ਰੀਮਤੀ ______ ਇਸ ਵਿਦਿਅਕ ਅਦਾਰੇ ਦੇ ਹੋਸਟਲ ਵਿਚ ਮਿਤੀ ______ ਤੋਂ ਰਹਿ ਰਿਹਾ/ਰਹੀ ਹੈ ਅਤੇ ਉਸ ਵਲੋਂ ਵਿਦਿਅਕ ਸਾਲ ਦੌਰਾਨ______ ਰੁਪਏ ਹੋਸਟਲ ਫੀਸ ਅਦਾ ਕੀਤੀ ਗਈ ਹੈ।

ਸੰਸਥਾਂ ਦੇ ਮੁੱਖੀ ਦੇ ਹਸਤਾਖਰ ਅਤੇ ਦਫਤਰ ਦੀ ਮੋਹਰ

### ਪੜਤਾਲੀਆ ਰਿਪੋਰਟ

ਇਹ ਤਸਦੀਕ ਕੀਤਾ ਜਾਂਦਾ ਹੈ ਕਿ ਉਪਰੋਕਤ ਅਰਜੀ ਫਾਰਮ ਵਿੱਚ ਦਰਸਾਏ ਤੱਥ ਮੈਂ ਨਿਜੀ ਤੋਰ ਤੇ ਮਿਤੀ ______ ਨੂੰ ______ ਮੌਕੇ ਤੇ ਚੈਕ ਕੀਤੇ ਅਤੇ ਸੂਚਨਾ ਠੀਕ ਪਾਈ ਗਈ । ਇਸ ਨੂੰ ₹ ______ ਦੀ ਰਾਸ਼ੀ ਬਤੌਰ ਵਜੀਫਾ ਅਤੇ ______ ਰੁਪਏ ਬਤੌਰ ਹੋਸਟਲ ਫੀਸ ਦੇਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।

ਕਿਰਤ ਇੰਸਪੈਕਟਰ ਦੇ ਹਸਤਾਖਰ ਅਤੇ ਮੋਹਰ

ਤਸਦੀਕ ਕੀਤਾ ਜਾਂਦਾ ਹੈ ਕਿ ਮੈਂ ਕਿਰਤ ਇੰਸਪੈਕਟਰ ਦੀ ਉਪਰੋਕਤ ਰਿਪੋਰਟ ਨਾਲ ਸਹਿਮਤ ਹਾਂ ਅਤੇ ਲਾਭਪਾਤਰੀ ਨੂੰ ਉਪਰੋਕਤ ਲਾਭ ਦੇਣ ਦੀ ਸਿਫਾਰਸ਼ ਕੀਤੀ ਜਾਂਦੀ ਹੈ।

ਸਹਾਇਕ ਕਿਰਤ ਕਮਿਸ਼ਨਰ/ ਕਿਰਤ ਤੇ ਸੁਲਾਹ ਅਫਸਰਾਂ ਦੇ ਹਸਤਾਖਰ ਅਤੇ ਮੋਹਰ

Scanned by CamScanner